# India-Canada Strategic Dialogue

February 06, 2023

................

## ਭਾਰਤ-ਕੈਨੇਡਾ ਦਰਮਿਆਨ ਰਣਨੀਤਕ ਵਾਰਤਾਲਾਪ

## 6 ਫਰਵਰੀ, 2023

1. ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਅਤੇ ਕੈਨੇਡਾ ਦੀ ਵਿਦੇਸ਼ ਮੰਤਰੀ ਮਹਾਮਾਹਿਮ ਸ਼੍ਰੀਮਤੀ ਮੇਲਾਨੀ ਜੋਲੀ ਨੇ ਉਨ੍ਹਾਂ ਦੀ ਭਾਰਤ ਦੀ ਮੌਜੂਦਾ ਫੇਰੀ ਦੌਰਾਨ ਅੱਜ ਭਾਰਤ-ਕੈਨੇਡਾ ਰਣਨੀਤਕ ਵਾਰਤਾ ਦੀ ਸਹਿ-ਪ੍ਰਧਾਨਗੀ ਕੀਤੀ, ।

2. ਦੋਵਾਂ ਮੰਤਰੀਆਂ ਨੇ ਦੁਵੱਲੇ ਸਬੰਧਾਂ ਵਿੱਚ ਹੋਈ ਤਰੱਕੀ ਦੀ ਸਮੀਖਿਆ ਕੀਤੀ, ਜੋ ਸਾਂਝੇ ਲੋਕਤਾਂਤਰਿਕ ਮੁੱਲਾਂ, ਵਧ ਰਹੇ ਆਰਥਿਕ ਸਬੰਧਾਂ, ਸੁਰੱਖਿਆ ਸਹਿਯੋਗ, ਵਿਦਿਆਰਥੀਆਂ ਅਤੇ ਪੇਸ਼ੇਵਰਾਂ ਦੀ ਗਤੀਸ਼ੀਲਤਾ, ਅਤੇ ਮਜ਼ਬੂਤ ਲੋਕ ਪੱਧਰੀ ਸਬੰਧਾਂ 'ਤੇ ਟਿਕੇ ਹੋਏ ਹਨ।

3. ਦੋਵਾਂ ਧਿਰਾਂ ਨੇ ਵੱਖ ਵੱਖ ਖੇਤਰਾਂ ਵਿੱਚ ਸਹਿਯੋਗ ਡੂੰਘਾ ਕਰਨ ਵਿੱਚ ਦਿਲਚਸਪੀ ਪ੍ਰਗਟਾਈ ਅਤੇ ਦੋਨਾਂ ਨੂੰ ਅਰਲੀ ਪ੍ਰੋਗਰੈਸ ਟਰੇਡ ਐਗਰੀਮੈਂਟ (EPTA) ਹੋਣ ਦੀ ਆਸ ਹੈ।

4. ਭਾਰਤ ਨੇ ਆਜ਼ਾਦ, ਖੁੱਲ੍ਹੇ ਅਤੇ ਸਮਾਵੇਸ਼ੀ ਹਿੰਦ-ਪ੍ਰਸ਼ਾਂਤ ਦੇ ਸਾਂਝੇ ਦ੍ਰਿਸ਼ਟੀਕੋਣ ਦੇ ਮੱਦੇਨਜ਼ਰ ਕੈਨੇਡਾ ਦੀ ਹਿੰਦ-ਪ੍ਰਸ਼ਾਂਤ ਰਣਨੀਤੀ ਦੇ ਐਲਾਨ ਦਾ ਸੁਆਗਤ ਕੀਤਾ।

5. ਵਿਦੇਸ਼ ਮੰਤਰੀ ਅਤੇ ਮੰਤਰੀ ਜੌਲੀ ਨੇ ਜੀ-20 ਦੀ ਮੌਜੂਦਾ ਪ੍ਰਧਾਨਗੀ ਦੌਰਾਨ ਭਾਰਤ ਦੀਆਂ ਤਰਜੀਹਾਂ 'ਤੇ ਵਿਚਾਰ ਵਟਾਂਦਰਾ ਕੀਤਾ ਅਤੇ ਇਸਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਨ ਉੱਤੇ ਸਹਿਮਤੀ ਦਿੱਤੀ।

6. ਮੰਤਰੀਆਂ ਨੂੰ ਭਾਰਤ ਦੇ ਗੁਆਂਢੀਆਂ, ਯੂਕਰੇਨ ਅਤੇ ਸੰਯੁਕਤ ਰਾਸ਼ਟਰ ਵਿੱਚ ਸਹਿਯੋਗ ਸਮੇਤ ਸਮਕਾਲੀ ਖੇਤਰੀ, ਆਲਮੀ ਅਤੇ ਬਹੁਪੱਖੀ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਵੀ ਮਿਲਿਆ।

7. ਇਹ ਮੀਟਿੰਗ ਸਾਰਥਕ ਰਹੀ ਜਿਸ ਵਿੱਚ ਦੋਵਾਂ ਧਿਰਾਂ ਨੇ ਦੁਵੱਲੇ ਸਬੰਧਾਂ ਨੂੰ ਡੂੰਘਾ ਕਰਨ ਲਈ ਆਪਣੀ ਵਚਨਬੱਧਤਾ ਨੂੰ ਮਜ਼ਬੂਤ ਕੀਤਾ।

ਨਵੀਂ ਦਿੱਲੀ

6 ਫਰਵਰੀ, 2023

DISCLAIMER: This is an approximate translation. The original is available in English on MEA's website and may be referred to as the official press release.